(This question paper contains 2 printed pages)

Sl. No of Question Paper: 186

Roll No.

Unique Paper Code: 212154

F

Name of the Paper: Punjabi A (Advance)

Name of the Course: B. A. (Prog.)

Semester: I

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. 'ਕਿੱਸਾ ਮਿਰਜ਼ਾ ਸਾਹਿਬਾਂ' ਜਾਂ 'ਕਿੱਸਾ ਹੀਰ ਰਾਂਝਾ' ਦਾ ਆਲੋਚਨਾਤਮਕ ਅਧਿਐਨ ਕਰੋ। (15)

2. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : (10)

(ੳ) ਖ਼ੇ ਖ਼ਬਰ ਹੋਈ ਰਾਣੀ ਇੱਛਰਾਂ ਨੂੰ,
ਜਿਸ ਜਾਇਆ ਪੂਰਨ ਪੁੱਤ ਸਾਈ।
ਚੂੜਾ ਭੰਨ ਤੇ ਤੋੜ ਹਮਲੇ ਬੀੜੇ,
ਵਾਲ ਪੁੱਟ ਰਾਣੀ ਸਿਰ ਖ਼ਾਕ ਪਾਈ।
ਮੰਦਾ ਘਾਓ ਪਿਆਰਿਆਂ ਪੁੱਤਰਾਂ ਦਾ,
ਰਾਣੀ ਭੱਜ ਕੇ ਰਾਜੇ ਦੇ ਪਾਸ ਆਈ।
ਕਾਦਰਯਾਰ ਖੜੋਇ ਪੁਕਾਰ ਕਰਦੀ,
ਇਹਦੇ ਨਾਲ ਕੀ ਰਾਜਿਆ ਵੈਰ ਸਾਈ॥

**ਜਾਂ**

ਪਾਇ ਸੰਦੂਕ ਰੁੜ੍ਹਾਈ ਸੱਸੀ,
ਨੂਰ ਤੂਫ਼ਾਨ ਵਗੇਂਦਾ।
ਬਾਸ਼ਕ ਨਾਗ ਨਾ ਹਾਕ ਲਿਆਵੇ,
ਪਾਰ ਉਰਾਰ ਬਲਾਈਂ ਭਰਿਆ,
ਦਾਨੋ ਦੇਉ ਡਰੇਂਦਾ।
ਹਾਸ਼ਮ ਵੇਖ ਨਸੀਬ ਸੱਸੀ ਦਾ,
ਕੀ ਕੁਝ ਹੋਰ ਕਰੇਂਦਾ।

P.T.O.

3. ਦਲੀਪ ਕੌਰ ਟਿਵਾਣਾ ਦੀ ਸ੍ਵੈ-ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' 'ਚੋਂ ਉਭਰਣ ਵਾਲੀ ਨਾਰੀ-ਸੰਵੇਦਨਾ ਬਾਰੇ ਆਪਣੇ ਵਿਚਾਰ ਸਾਂਝੇ ਕਰੋ। (15)

**ਜਾਂ**

ਜੀਵਨੀ ਅਤੇ ਸ੍ਵੈ-ਜੀਵਨੀ ਵਿਚਲੇ ਅੰਤਰ ਨੂੰ ਸਪੱਸ਼ਟ ਕਰੋ। ਸ੍ਵੈ-ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਦੀਆਂ ਕਲਾਤਮਕ ਖੂਬੀਆਂ ਦੱਸੋ।

4. 'ਨੰਗੇ ਪੈਰਾਂ ਦਾ ਸਫ਼ਰ' ਵਿਚੋਂ ਕਿਸੇ **ਦੋ** ਮਨਭਾਉਂਦੇ ਪਾਤਰਾਂ ਬਾਰੇ ਵਿਸਤਾਰ ਸਹਿਤ ਚਰਚਾ ਕਰੋ। (10)

5. ਹੇਠ ਲਿਖੇ ਅਗੇਤਰਾਂ ਦੇ ਸ਼ਬਦ ਬਣਾਉ : (5)

ਸਬ, ਉਪ, ਸੁ, ਸਵੈ, ਬਦ, ਪਰ, ਅਧ, ਅਪ, ਕੁ, ਨਿਰ

6. ਵਾਕ ਰਚਨਾ ਤੋਂ ਕੀ ਭਾਵ ਹੈ ? ਕਿਸੇ **ਇਕ** ਕਿਸਮ ਬਾਰੇ ਜਾਣ-ਪਛਾਣ ਕਰਾਉ : (5)

7. ਹੇਠ ਲਿਖੇ ਪੈਰੇ ਦਾ ਸੰਖੇਪ ਸਾਰ ਲਿਖੋ ਤੇ ਢੁੱਕਵਾਂ ਸਿਰਲੇਖ ਵੀ ਦਿਉ : (10)

"ਅੰਮ੍ਰਿਤਾ ਪ੍ਰੀਤਮ ਪੰਜਾਬ ਦੇ ਕੁਝ ਕੁ ਉਨ੍ਹਾਂ ਸ਼ਰੋਮਣੀ ਕਵੀਆਂ ਵਿਚੋਂ ਹੈ, ਜਿਨ੍ਹਾਂ ਦੀ ਰਚਨਾ ਨੇ ਪੰਜਾਬੀ ਸਾਹਿਤ ਦੇ ਗੌਰਵ ਵਿਚ ਬੇਅੰਤ ਵਾਧਾ ਕੀਤਾ ਹੈ। ਪ੍ਰਿੰਸੀਪਲ ਤੇਜਾ ਸਿੰਘ ਨੇ ਉਸਨੂੰ 'ਪੰਜਾਬ ਦੀ ਆਵਾਜ਼' ਕਹਿ ਕੇ ਸਤਿਕਾਰਿਆ ਹੈ। ਸੱਚਮੁੱਚ ਹੀ ਉਹ ਪੰਜਾਬ ਦੇ ਇਕ ਵਡੇਰੇ ਹਿੱਸੇ, ਖ਼ਾਸ ਕਰਕੇ ਇਸਤਰੀ-ਜਗਤ ਦੇ ਜਜ਼ਬਿਆਂ, ਉਨ੍ਹਾਂ ਦੀਆ ਪੀੜਾਂ ਤੇ ਉਸਦੇ ਕਸ਼ਟਾਂ ਦੀ ਤਰਜਮਾਨ ਹੈ। ਜਿਸ ਦਰਦ ਨਾਲ ਉਸ ਨੇ ਮਨੁੱਖ ਦੀਆਂ ਪੀੜਾਂ, ਕੀ ਨਿੱਜੀ ਤੇ ਕੀ ਸਮੂਹਕ ਨੂੰ ਕਿਹਾ ਹੈ, ਉਹ ਹੋਰ ਕਿਸੇ ਪੰਜਾਬੀ ਕਵੀ ਦੇ ਹਿੱਸੇ ਨਹੀਂ ਆਇਆ। ਉਸ ਦੇ ਬੋਲਾਂ ਵਿਚ ਆਖ਼ਰਾਂ ਦੀ ਖਿੱਚ ਹੈ, ਉਸ ਦੇ ਰੁਦਨ ਵਿਚ ਕਹਿਰਾਂ ਦੀ ਧੂਹ ਹੈ।"

8. ਹੇਠ ਲਿਖੇ ਅਖਾਣਾਂ ਨੂੰ ਵਾਕਾਂ ਵਿਚ ਵਰਤੋ : (5)

(ੳ) ਉਲਟਾ ਚੋਰ ਕੋਤਵਾਲ ਨੂੰ ਡਾਂਟੇ।

(ਅ) ਆਪਣੇ ਮੂੰਹ ਮੀਆਂ ਮਿੱਠੂ।

(ੲ) ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ।

(ਸ) ਇਨ੍ਹਾਂ ਤਿਲਾਂ ਵਿਚ ਤੇਲ ਨਹੀਂ।

(ਹ) ਸਾਡੀ ਬਿੱਲੀ, ਸਾਨੂੰ ਮਿਆਊਂ।

—0—